Press Note

JAGAT GURU NANAK DEV PUNJAB STATE OPEN UNIVERSITY, PATIALA

(Established by Act No.19 of 2019 of Legislature of the State of Punjab)

**PSOU/PRC/2025/150** **11 March 2025**

## National Symposium on Research and Indian Knowledge Systems
## 11 March 2025

The Research and Development Cell of Jagat Guru Nanak Dev Punjab State Open University, (JGND PSOU), Patiala organised National symposium titled "Research and Indian Knowledge Systems" on 11 March 2025. Prof. Parmod Kumar Mehra, Research Coordinator, IGNOU and Dr. Shivender Rahul, Head Department of Humanities, Maharashtra National Law University, Nagpur were Resource Persons.

Prof. Parmod Mehra explored relevance of India's traditions, beliefs and practices that have facilitated research and academia in his talk on "Integrating Ancient wisdom with Modern education. The contemporary and emerging problems of not only Indian but also whole globe can be solved with innovative and interdisciplinary research", he said.

Dr. Shivender Rahul gave leadership insights in his discourse on "Leadership Lessons from *Ramhcharit Manas*". He said, "New research work can be accomplished with guiding principles form Vedas and Puranas." Dr. Navleen Multani, Dean Research, JGND PSOU said, "The unique *Bhartiya Drishti* can lead researchers to self-realization and transformation while contributing to society and humanity."

50 participants from all over India attended the symposium. Faculty, research scholars and students from Maharashtra National Law University (MLNU),Nagpur; University of Allahabad, IGNOU, Sundranagar University, JGND PSOU, Himachal Pradesh University, SRM Arts and Science College, Madras; Parul University, Eklavaya University, Amet University, NLU Tripura, KLEF (Deemed to be University); CIEPT-IPT, Ahmedabad; Malla Reddy Univrestiy and Bishop Heber College, Tiruchirappalli, Tamil Nadu attended the session. The session was moderated by Dr. Shefali Bedi.

11/03/25

**Director**
**Public Relations**

Director, Public Relations Cell
Jagat Guru Nanak Dev
Punjab State Open University
Patiala – 147001(PB) INDIA

**JAGAT GURU NANAK DEV PUNJAB STATE OPEN UNIVERSITY, PATIALA**

(Established by Act No.19 of 2019 of Legislature of the State of Punjab)

**PSOU/PRC/2025/150** **11 ਮਾਰਚ 2025**

## ਓਪਨ ਯੂਨੀਵਰਸਿਟੀ ਵਿਖੇ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ ਤੇ ਚਰਚਾ

**11 ਮਾਰਚ 2025**

ਰਿਸਰਚ ਐਂਡ ਡਿਵੈਲਪਮੈਂਟ ਸੈੱਲ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ (IKS) ਤੇ ਸਿੰਪੋਜ਼ੀਅਮ ਅਨਿੰਦਿਤਾ ਮਿੱਤਰਾ ਮਿੱਤਰਾ (ਆਈ.ਈ.ਐਸ.), ਵਾਈਸ ਚਾਂਸਲਰ ਦੀ ਅਗਵਾਈ ਹੇਠ 11 ਮਾਰਚ 2025 ਨੂੰ ਆਯੋਜਨ ਕੀਤਾ ਗਿਆ। ਇਸ ਸਿੰਪੋਜ਼ੀਅਮ ਵਿੱਚ ਮੁੱਖ ਵਕਤਾ ਵਜੋਂ ਪ੍ਰੋ. ਪਰਮੋਦ ਕੁਮਾਰ ਮਹਿਰਾ ਰਿਸਰਚ ਕੋਆਰਡੀਨੇਟਰ, ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ, ਨਵੀਂ ਦਿੱਲੀ ਅਤੇ ਡਾ. ਸ਼ਿਵੇਂਦਰ ਰਾਹੁਲ, ਮੁਖੀ, ਹਿਉਮੈਨਿਟੀਜ਼ ਵਿਭਾਗ, ਮਹਾਰਾਸ਼ਟਰ ਨੈਸ਼ਨਲ ਲਾਅ ਯੂਨੀਵਰਸਿਟੀ, ਨਾਗਪੁਰ ਨੇ ਹਿੱਸਾ ਲਿਆ। ਸਿੰਪੋਜ਼ੀਅਮ ਦਾ ਉਦੇਸ਼ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ ਦੇ ਸਿਧਾਂਤਾਂ ਨੂੰ ਉੱਚ ਪੱਧਰ ਤੇ ਲੈ ਕੇ ਜਾਣਾ ਹੈ।

ਪ੍ਰੋ. ਪਰਮੋਦ ਕੁਮਾਰ ਮਹਿਰਾ ਨੇ ਕਿਹਾ ਕਿ ਭਾਰਤੀ ਗਿਆਨ ਪ੍ਰਣਾਲੀ ਸਿਰਫ਼ ਬੌਧਿਕ ਗਿਆਨ ਤੱਕ ਸੀਮਿਤ ਨਹੀਂ, ਸਗੋਂ ਇਹ ਜੀਵਨ ਦੀ ਹਕੀਕਤ ਅਤੇ ਆਤਮ, ਸਮਾਜ ਅਤੇ ਪਰਿਆਵਰਨ ਦੇ ਸੁਮੇਲ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਉਨ੍ਹਾਂ ਨੇ ਨੈਤਿਕਤਾ, ਤਰਕ ਅਤੇ ਵਿਗਿਆਨਕ ਵਿਧੀ ਉੱਤੇ ਜ਼ੋਰ ਦਿੰਦੇ ਕਿਹਾ ਕਿ ਆਧੁਨਿਕ ਯੁੱਗ ਵਿੱਚ ਭਾਰਤੀ ਗਿਆਨ ਪ੍ਰਣਾਲੀ ਸਿਧਾਂਤ ਨੂੰ ਵਿਗਿਆਨਕ ਅਧਿਐਨ ਅਤੇ ਖੋਜ ਨਾਲ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਕਰਕੇ, ਕਣਾਦ ਦੀ ਵਿਚਾਰਧਾਰਾ ਸਿਰਫ਼ ਭਾਰਤੀ ਫ਼ਲਸਫ਼ੇ ਤੱਕ ਹੀ ਸੀਮਿਤ ਨਹੀਂ, ਸਗੋਂ ਆਧੁਨਿਕ ਵਿਗਿਆਨ ਲਈ ਵੀ ਇੱਕ ਮਜ਼ਬੂਤ ਆਧਾਰ ਪ੍ਰਸਤੁਤ ਕਰਦੀ ਹੈ। ਭਾਰਤੀ ਗਿਆਨ ਪ੍ਰਣਾਲੀ (IKS) ਦੇ ਤਹਿਤ, ਡਾ. ਸ਼ਿਵੇਂਦਰ ਰਾਹੁਲ ਨੇ "ਰਾਮਚਰਿਤਮਾਨਸ ਵਿੱਚ ਨੇਤ੍ਰਤਵ ਪਾਠ: ਉੱਤਰ-ਆਧੁਨਿਕ ਯੁੱਗ ਦੀ ਨੈਵੀਗੇਸ਼ਨ" ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਰਾਮਚਰਿਤਮਾਨਸ ਦੀਆਂ ਸਿੱਖਿਆਵਾਂ ਨੂੰ ਆਧੁਨਿਕ ਸਮਾਜ ਨਾਲ ਜੋੜਦਿਆਂ ਵਿਆਖਿਆ ਕੀਤੀ।

ਡਾ. ਨਵਲੀਨ ਮਲਤਾਨੀ, ਡੀਨ ਰਿਸਰਚ ਨੇ ਭਾਰਤੀ ਗਿਆਨ ਪ੍ਰਣਾਲੀ ਅਤੇ ਆਧੁਨਿਕ ਵਿਗਿਆਨ ਵਿਚਲੇ ਸੰਬੰਧਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਭਾਰਤੀ ਅਨੁਸੰਧਾਨ ਦੀਆਂ ਵਿਲੱਖਣ ਵਿਧੀਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਨੁਸੰਧਾਨ ਵਿੱਚ ਜੋ ਸਮਾਜ ਤੇ ਮਾਨਵਤਾ ਲਈ ਲਾਹੇਵੰਦ ਹੋਵੇ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਪੋਜ਼ੀਅਮ ਦਾ ਸੰਚਾਲਨ ਡਾ. ਸ਼ੈਫ਼ਾਲੀ ਬੇਦੀ, ਸਹਾਇਕ ਪ੍ਰੋਫੈਸਰ ਨੇ ਨਿਭਾਈ।

ਡਾਇਰੈਕਟਰ 11/03/25

Director-Public Relations Cell (ਲੋਕ ਸੰਪਰਕ)
Jagat Guru Nanak Dev
Punjab State Open University
Patiala – 147001(PB) INDIA

## News Clips



THU,13 MARCH 2025
EDITION: PATIALA BANI, PAGE NO. 1

# ਓਪਨ ਯੂਨੀਵਰਸਿਟੀ ਵਿਖੇ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ 'ਤੇ ਚਰਚਾ

ਪਟਿਆਲਾ, 12 ਮਾਰਚ (ਰਾਜੇਸ਼ ਪੰਜੌਲਾ)- ਰਿਸਰਚ ਐਂਡ ਡਿਵੈਲਪਮੈਂਟ ਸੈਲ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿਖੇ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ ਤੇ ਸਿੰਪੋਜ਼ੀਅਮ ਅਨਿੰਦਿਤਾ ਮਿੱਤਰਾ ਮਿੱਤਰਾ (ਆਈ. ਏ. ਐੱਸ.), ਵਾਈਸ ਚਾਂਸਲਰ ਦੀ ਅਗਵਾਈ ਹੇਠ 11 ਮਾਰਚ 2025 ਨੂੰ ਆਯੋਜਨ ਕੀਤਾ ਗਿਆ।

ਇਸ ਸਿੰਪੋਜ਼ੀਅਮ 'ਚ ਮੁੱਖ ਬੁਲਾਰੇ ਵਜੋਂ ਪ੍ਰੋ. ਪਰਮੋਦ ਕੁਮਾਰ ਮਹਿਰਾ ਰਿਸਰਚ ਕੋਆਰਡੀਨੇਟਰ, ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ, ਨਵੀਂ ਦਿੱਲੀ ਅਤੇ ਡਾ. ਸ਼ਿਵੇਂਦਰ ਰਾਹੁਲ, ਮੁਖੀ, ਹਿਊਮੈਨਿਟੀਜ਼ ਵਿਭਾਗ, ਮਹਾਰਾਸ਼ਟਰ ਨੈਸ਼ਨਲ ਲਾਅ ਯੂਨੀਵਰਸਿਟੀ, ਨਾਗਪੁਰ ਨੇ ਹਿੱਸਾ ਲਿਆ। ਸਿੰਪੋਜ਼ੀਅਮ ਦਾ ਉਦੇਸ਼ ਖੋਜ ਅਤੇ ਭਾਰਤੀ ਗਿਆਨ ਪ੍ਰਣਾਲੀ ਦੇ ਸਿਧਾਂਤਾਂ ਨੂੰ ਉੱਚ ਪੱਧਰ 'ਤੇ ਲੈ ਕੇ ਜਾਣਾ ਹੈ।


ਪ੍ਰੋ. ਪ੍ਰਮੋਦ ਕੁਮਾਰ ਮਹਿਰਾ ਨੇ ਕਿਹਾ ਕਿ ਭਾਰਤੀ ਗਿਆਨ ਪ੍ਰਣਾਲੀ ਸਿਰਫ਼ ਬੌਧਿਕ ਗਿਆਨ ਤੱਕ ਸੀਮਿਤ ਨਹੀਂ, ਸਗੋਂ ਇਹ ਜੀਵਨ ਦੀ ਹਕੀਕਤ ਅਤੇ ਆਤਮ, ਸਮਾਜ ਅਤੇ ਪਰਿਆਵਰਨ ਦੇ ਸੁਮੇਲ ਨੂੰ ਸਮਝਣ 'ਚ ਮਦਦ ਕਰਦੀ ਹੈ। ਉਨ੍ਹਾਂ ਨੇ ਨੈਤਿਕਤਾ, ਤਰਕ ਅਤੇ ਵਿਗਿਆਨਕ ਵਿਧੀ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਆਧੁਨਿਕ ਯੁੱਗ 'ਚ ਭਾਰਤੀ ਗਿਆਨ ਪ੍ਰਣਾਲੀ ਸਿਧਾਂਤ ਨੂੰ ਵਿਗਿਆਨਕ ਅਧਿਐਨ ਅਤੇ ਖੋਜ ਨਾਲ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਕਰ ਕੇ ਕਣਾਦ ਦੀ ਵਿਚਾਰਧਾਰਾ ਸਿਰਫ਼ ਭਾਰਤੀ ਫ਼ਲਸਫ਼ੇ ਤੱਕ ਹੀ ਸੀਮਿਤ ਨਹੀਂ, ਸਗੋਂ ਆਧੁਨਿਕ ਵਿਗਿਆਨ ਲਈ ਵੀ ਇਕ ਮਜ਼ਬੂਤ ਆਧਾਰ ਪ੍ਰਸਤੁਤ ਕਰਦੀ ਹੈ।


ਭਾਰਤੀ ਗਿਆਨ ਪ੍ਰਣਾਲੀ ਤਹਿਤ, ਡਾ. ਸ਼ਿਵੇਂਦਰ ਰਾਹੁਲ ਨੇ ਜ਼ਰਾਮਚਰਿਤਮਾਨਸ 'ਚ ਨੇਤ੍ਰਤਵ ਪਾਠ: ਉੱਤਰ-ਆਧੁਨਿਕ ਯੁੱਗ ਦੀ ਨੈਵੀਗੇਸ਼ਨਜ਼ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਰਾਮਚਰਿਤਮਾਨਸ ਦੀਆਂ ਸਿੱਖਿਆਵਾਂ ਨੂੰ ਆਧੁਨਿਕ ਸਮਾਜ ਨਾਲ ਜੋੜਦਿਆਂ ਵਿਅਖਿਆ ਕੀਤੀ।

ਡਾ. ਨਵਲੀਨ ਮਲਤਾਨੀ, ਡੀਨ ਰਿਸਰਚ ਨੇ ਭਾਰਤੀ ਗਿਆਨ ਪ੍ਰਣਾਲੀ ਅਤੇ ਆਧੁਨਿਕ ਵਿਗਿਆਨ ਵਿਚਲੇ ਸਬੰਧਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਭਾਰਤੀ ਅਨੁਸੰਧਾਨ ਦੀਆਂ ਵਿਲੱਖਣ ਵਿਧੀਆਂ 'ਤੇ ਚਰਚਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਅਨੁਸੰਧਾਨ 'ਚ ਜੋ ਸਮਾਜ ਤੇ ਮਾਨਵਤਾ ਲਈ ਲਾਹੇਵੰਦ ਹੋਵੇ, ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਪੋਜ਼ੀਅਮ ਦਾ ਸੰਚਾਲਨ ਡਾ. ਸ਼ੈਫ਼ਾਲੀ ਬੇਦੀ, ਸਹਾਇਕ ਪ੍ਰੋਫੈਸਰ ਨੇ ਨਿਭਾਈ। 50 ਤੋਂ ਵੱਧ ਫੈਕਲਟੀ ਤੇ ਰੀਸਰਚ ਸਕਾਰਲ ਨੇ ਇਸ ਪ੍ਰੋਗਰਾਮ 'ਚ ਹਿੱਸਾ ਲਿਆ।

ਓਪਨ ਯੂਨੀਵਰਸਿਟੀ ਵੱਲੋਂ ਆਯੋਜਿਤ ਆਨਲਾਈਨ ਚਰਚਾ ਦਾ ਦ੍ਰਿਸ਼। (ਸੁੰਦਰ)

## Photos






Links

https://www.facebook.com/story.php?story_fbid=122240302112031399&id=615509419916 41&_rdr

https://www.instagram.com/p/DHDNi8oPBkG/